ਪਾਠ ਪੰਜਵਾਂ

ਦੇਸ਼ ਪ੍ਰੇਮੀ

ਹਰੀ ਸਿੰਘ ਨਲੂਆ ਮਹਾਰਾਜਾ ਰਣਜੀਤ ਸਿੰਘ ਦਾ ਬਹੁਤ ਬਹਾਦਰ ਜਰਨੈਲ ਸੀ। ਉਸ ਦੀ ਬੀਰਤਾ ਦੀਆਂ ਸਾਰੇ ਧੁੰਮਾਂ ਪਈਆਂ ਹੋਈਆਂ ਸਨ। ਕਾਬਲ ਵਾਲੇ ਲੋਕ ਤਾਂ ਐਨੇ ਡਰਦੇ ਸਨ ਕਿ ਆਪਣੇ ਬੱਚਿਆਂ ਨੂੰ **'ਨਲੂਆ ਆਇਆ'** ਕਹਿ ਕੇ ਡਰਾਇਆ ਕਰਦੇ ਸਨ। **ਰੋਂਦੇ ਬੱਚੇ ਨਲੂਏ ਦਾ ਨਾਂ ਸੁਣ ਕੇ ਚੁੱਪ ਕਰਕੇ ਲੁਕ ਕੇ ਸੌਂ ਜਾਂਦੇ ਸਨ।**

ਇਕ ਵਾਰੀ ਹਰੀ ਸਿੰਘ ਨਲੂਏ ਨੇ ਕਾਬਲ ਉਤੇ ਚੜਾਈ ਕੀਤੀ ਹੋਈ ਸੀ। ਕਾਬਲ ਦੇ ਪਹਾੜਾਂ ਦੇ ਲਾਗੇ ਕਿਲ੍ਹਾ ਸੀ। ਕਿਲ੍ਹੇ ਦਾ ਰਾਹ ਨਹੀਂ ਲਭ ਰਿਹਾ ਸੀ।

ਹਰੀ ਸਿੰਘ ਨਲੂਆ ਆਪਣੇ ਯੋਧਿਆਂ ਨਾਲ ਪਹਾੜੀਆਂ ਵਿਚ ਫਿਰ ਰਿਹਾ ਸੀ ਤੇ ਕਿਲ੍ਹੇ ਦਾ ਰਾਹ ਲਭ ਰਿਹਾ ਸੀ। ਹਰੀ ਸਿੰਘ ਨਲੂਏ ਦੇ ਆਦਮੀਆਂ ਨੇ ਸਾਰੀਆਂ ਪਹਾੜੀਆਂ ਤੇ ਪਹਾੜੀਆਂ ਦੇ ਲਾਗਲਾ ਜੰਗਲ ਗਾਹ ਮਾਰਿਆ, ਪਰ ਉਨ੍ਹਾਂ ਨੂੰ ਰਾਹ ਨਾ ਲਭਾ। ਸਾਰੇ ਚੁੱਪ ਚੁਪੀਤੇ ਖੜੇ ਸੋਚ ਰਹੇ ਸਨ ਕਿ ਕੀ ਕੀਤਾ ਜਾਵੇ।

ਐਨੇ ਨੂੰ ਇਕ ਬੁੱਢਾ ਪਠਾਨ ਵਿਖਾਈ ਦਿਤਾ। ਉਸ ਦੇ ਨਾਲ ਉਸ ਦਾ ਦਸ ਕੁ ਸਾਲ ਦਾ ਪੋਤਰਾ ਸੀ। ਹਰੀ ਸਿੰਘ ਨਲੂਆ ਕੜਕਿਆ 'ਬਾਬਾ ਖੜਾ ਹੋ ਜਾ'।

ਬੁੱਢਾ ਆਪਣੇ ਪੋਤਰੇ ਸਮੇਤ ਖੜਾ ਹੋ ਗਿਆ।

ਹਰੀ ਸਿੰਘ ਨਲੂਏ ਨੇ ਆਪਣਾ ਲਾਲ ਸੂਹਾ ਚਿਹਰਾ ਉਨ੍ਹਾਂ ਵਲ ਕਰਦਿਆਂ ਕਿਹਾ, 'ਬਾਬਾ ਕਿਲ੍ਹੇ ਦਾ ਰਾਹ ਦਸ।'

'ਮੈਨੂੰ ਨਹੀਂ ਪਤਾ ਸਰਦਾਰਾ' ਬੁੱਢੇ ਨੇ ਦਲੇਰੀ ਨਾਲ ਕਿਹਾ।

'ਤੈਨੂੰ ਪਤਾ ਏ' ਨਲੂਆ ਕੜਕਿਆ।

'ਸਰਦਾਰਾ ਸਚੀਂ ਮੈਨੂੰ ਨਹੀਂ ਪਤਾ' ਬੁੱਢੇ ਨੇ ਫੇਰ ਉਤਰ ਦਿਤਾ।

'ਤੈਨੂੰ ਪਤਾ ਮੈਂ ਕੌਣ ਹਾਂ ?' ਨਲੂਏ ਨੇ ਜੋਰ ਦੀ ਕਿਹਾ।

'ਸਰਦਾਰਾ ਮੈਨੂੰ ਪਤਾ ਏ ਤੂੰ ਕੌਣ ਏਂ ? ਤੂੰ ਨਲੂਆ ਸਰਦਾਰ ਏਂ ਜਿਸ ਤੋਂ ਸਾਰਾ ਕਾਬਲ ਕੰਬਦਾ ਏ' ਬੁੱਢੇ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ। ਨਲੂਏ ਨੇ ਆਪਣੀ ਕ੍ਰਿਪਾਨ ਦੇ ਦਸਤੇ ਉਤੇ ਹੱਥ ਰਖਦਿਆਂ ਫੇਰ ਲਲਕਾਰਿਆ।

'ਤੈਨੂੰ ਕਿਲ੍ਹੇ ਦਾ ਰਾਹ ਪਤਾ ਏ। ਜੇ ਤੂੰ ਨਾ ਦਸਿਆ, ਤਾਂ ਮੈਂ ਤੇਰੇ ਹੁਣੇ ਟੁਕੱੜੇ ਕਰ ਦਿਆਗਾਂ।'

'ਸਰਦਾਰਾ ! ਮੈਨੂੰ ਰਾਹ ਤਾਂ ਪਤਾ ਹੈ, ਪਰ ਮੈਂ ਆਪਣੇ ਪੋਤਰੇ ਦੇ ਸਾਹਮਣੇ ਕਿਵੇਂ ਆਪਣੇ ਕਿਲ੍ਹੇ ਦਾ ਰਾਹ ਦਸਾਂ। ਮੈਂ ਆਪਣੇ ਪੋਤਰੇ ਦੇ ਸਾਹਮਣੇ ਆਪਣੇ ਦੇਸ਼ ਦਾ ਭੇਤ ਕਿਵੇਂ ਦਿਆਂ। ਬੱਚਾ ਕੀ ਸਮਝੇਗਾ ਜਿਸ ਨੂੰ ਮੈਂ ਦੇਸ਼ ਪਿਆਰ ਦੀ ਸਿਖਿਆ ਦਿੰਦਾ ਰਹਿੰਦਾ ਹਾਂ। ਮੈਂ ਆਪਣੇ ਪੋਤਰੇ ਦੇ ਸਾਹਮਣੇ ਕਿਲ੍ਹੇ ਦਾ ਰਾਹ ਨਹੀਂ ਦਸ ਸਕਦਾ। ਮੈਨੂੰ ਆਪਣੇ ਪੋਤਰੇ ਤੋਂ ਡਰ ਆਉਂਦਾ ਹੈ। ਵੇਖੋ ਇਹ ਮੇਰੀ ਵਲ ਕਿਵੇਂ ਅੱਖਾਂ ਪਾੜ ਪਾੜ ਕੇ ਵੇਖ ਰਿਹਾ ਹੈ। ਜੇ ਤੁਸੀਂ ਮੈਥੋਂ ਕਿਲ੍ਹੇ ਦਾ ਰਾਹ ਪੁਛਣਾ ਹੈ, ਤਾਂ ਤੁਸੀਂ ਪਹਿਲਾਂ ਇਸ ਬੱਚੇ ਨੂੰ ਖਤਮ ਕਰ ਦਿਓ।'

'ਤੇਰੇ ਬੱਚੇ ਨੂੰ ਖਤਮ ਕਰ ਦੇਈਏ ? ਇਹ ਤੂੰ ਕੀ ਕਹਿ ਰਿਹਾ ਏਂ' ਹਰੀ ਸਿੰਘ ਨਲੂਆ ਫੇਰ ਕੜਕਿਆ।

'ਮੈਂ ਠੀਕ ਕਹਿ ਰਿਹਾ ਹਾਂ ਸਰਦਾਰਾ। ਇਸ ਦੇ ਸਾਹਮਣੇ ਕਿਲ੍ਹੇ ਦਾ ਰਾਹ ਦੱਸਣ ਦੀ ਹਿੰਮਤ ਨਹੀਂ ਪੈਂਦੀ' ਬੁੱਢੇ ਨੇ ਉਤਰ ਦਿਤਾ।

ਨਲੂਏ ਨੇ ਆਪਣੇ ਆਦਮੀਆਂ ਨੂੰ ਹੁਕਮ ਦਿਤਾ 'ਅਸੀਂ ਕਿਲ੍ਹੇ ਦਾ ਭੇਤ ਜਰੂਰ ਲਭਣਾ ਏ ਤੇ ਇਸ ਬੁੱਢੇ ਤੋਂ ਹੀ ਜਰੂਰ ਪੁਛਣਾ ਏਂ। ਜੇ ਬੁੱਢਾ ਆਪਣੇ ਪੋਤਰੇ ਦੇ ਸਾਹਮਣੇ ਨਹੀਂ ਦੱਸਣਾ ਚਾਹੁੰਦਾ, ਤਾਂ ਇਸ ਨੂੰ ਖਤਮ ਕਰ ਦਿਓ।'

ਨਲੂਏ ਦੇ ਆਦਮੀਆਂ ਨੇ ਬੱਚਾ ਟੁਕੜੇ ਟੁਕੜੇ ਕਰਕੇ ਖੱਡਾਂ ਵਿਚ ਸੁੱਟ ਦਿੱਤਾ।

ਬੁੱਢਾ ਸਭ ਕੁਝ ਦੇਖਦਾ ਰਿਹਾ।

ਜਦ ਸਿਪਾਹੀਆਂ ਨੇ ਬੱਚਾ ਮਾਰ ਸੁਟਿਆ, ਤਾਂ ਹਰੀ ਸਿੰਘ ਨਲੂਆ ਬੜੇ ਰੋਹਬ ਨਾਲ ਕੜਕਿਆ 'ਨਾ ਚਾਹੁੰਦਿਆਂ ਹੋਇਆਂ ਵੀ ਅਸੀਂ ਮਾਸੂਮ ਬੱਚੇ ਨੂੰ ਮਾਰ ਸੁਟਿਆ ਹੈ, ਕਿਉਂਕਿ ਤੂੰ ਉਂਜ ਕਿਲ੍ਹੇ ਦਾ ਰਾਹ ਦੱਸਣ ਨੂੰ ਤਿਆਰ ਨਹੀਂ ਸੀ। ਹੁਣ ਦਸ ਕਿਧੱਰ ਹੈ। ਹੁਣ ਤਾਂ ਤੈਨੂੰ ਕਿਸੇ ਤੋਂ ਡਰ ਨਹੀਂ ਆ ਰਿਹਾ।'

ਬੁੱਢੇ ਦੀਆਂ ਅੱਖਾਂ ਲਾਲ ਹੋ ਗਈਆਂ। ਉਸ ਦਾ ਚਿਹਰਾ ਰੋਹ ਨਾਲ ਲਾਲ ਹੋ ਗਿਆ। ਉਸ ਦੀਆਂ ਭਵਾਂ ਚੜ੍ਹ ਗਈਆਂ। ਉਸ ਦੀ ਛਾਤੀ ਚੌੜੀ ਹੋ ਗਈ। ਉਹ ਬਹੁਤ ਦਲੇਰੀ ਨਾਲ ਆਪਣੀ ਬਾਂਹ ਉਲਾਰ ਕੇ ਬੋਲਿਆ 'ਸਰਦਾਰਾ ! ਮੈਂ ਕਿਹਾ ਸੀ ਕਿ ਮੈਨੂੰ ਇਸ ਬੱਚੇ ਦਾ ਡਰ ਮਾਰ ਰਿਹਾ ਹੈ। ਹੁਣ ਮੈਨੂੰ ਕਿਸੇ ਦਾ ਡਰ ਨਹੀਂ'।

'ਫੇਰ ਤੂੰ ਝਟ ਪੱਟ ਦਸ। ਤੈਨੂੰ ਹੁਣ ਕਿਸੇ ਦਾ ਡਰ ਨਹੀਂ ਹੈ' ਨਲੂਆ ਕੜਕਿਆ।

ਬੁੱਢਾ ਆਪਣੀ ਚੌੜੀ ਛਾਤੀ ਅਗੇ ਕਰਕੇ ਬੋਲਿਆ 'ਹੁਣ ਮੈਨੂੰ ਸਚੀਂ ਕੋਈ ਡਰ ਨਹੀਂ। ਬਿਲਕੁਲ ਡਰ ਨਹੀਂ।'

ਬੁੱਢਾ ਕਿਸੇ ਜਿੱਤ ਵਿਚ ਬੇਪਰਵਾਹੀ ਨਾਲ ਟਹਿਲਣ ਲਗ ਪਿਆ।

ਹਰੀ ਸਿੰਘ ਨਲੂਏ ਨੂੰ ਗੁੱਸਾ ਆ ਰਿਹਾ ਸੀ ਕਿ ਇਹ ਬੁੱਢਾ ਝੱਟ ਪੱਟ ਕਿਲ੍ਹੇ ਦਾ ਰਾਹ ਕਿਉਂ ਨਹੀਂ ਦਸ ਰਿਹਾ।

'ਬੁੱਢਿਆ ! ਝੱਟ ਪੱਟ ਦਸ, ਨਹੀਂ ਤਾਂ ਲਗਾਂ ਪਾਰ ਬੁਲਾਉਣ' ਨਲੂਆ ਫੇਰ ਕੜਕਿਆ।

'ਮੈਨੂੰ ਕੋਈ ਡਰ ਨਹੀਂ। ਸਰਦਾਰਾ ਮੈਨੂੰ ਕੋਈ ਡਰ ਨਹੀਂ।' ਪਠਾਨ ਨੇ ਬੇਪਰਵਾਹੀ ਨਾਲ ਉਤਰ ਦਿਤਾ।

'ਫੇਰ' ਨਲੂਏ ਨੇ ਉਸ ਦੀ ਬਾਂਹ ਫੜ ਕੇ ਝੰਜੋੜਿਆ 'ਕੀ ਤੂੰ ਰਾਹ ਨਹੀਂ ਦਸੇਂਗਾ' ?

'ਬਿਲਕੁਲ ਨਹੀਂ। ਹੁਣ ਮੈਨੂੰ ਕੋਈ ਡਰ ਨਹੀਂ। ਅਗੇ ਮੈਨੂੰ ਡਰ ਸੀ ਕਿ ਮੇਰਾ ਪੋਤਰਾ ਤੁਹਾਡੀ ਤਲਵਾਰ ਤੇ ਲਲਕਾਰ ਤੋਂ ਡਰਦਾ ਕਿਤੇ ਕਿਲੇ ਦਾ ਰਾਹ ਨਾ ਦਸ ਦੇਵੇ। ਹੁਣ ਮੈਨੂੰ ਡਰ ਨਹੀਂ, ਮੈਂ ਆਪਣੇ ਦੇਸ਼ ਦੀ ਖਾਤਰ ਆਪਣੇ ਪੋਤਰੇ ਦੇ ਟੁਕੱੜੇ ਕਰਾ ਲਏ। ਸਰਦਾਰਾ ਹੁਣ ਤੁਸੀਂ ਮੈਥੋਂ ਕਿੱਲੇ ਦਾ ਪਤਾ ਨਹੀਂ ਲੈ ਸਕਦੇ। ਬੇਸ਼ਕ ਮੇਰੇ ਟੁਕੱੜੇ ਟੁਕੱੜੇ ਕਰ ਦਿਓ। ਮੈਂ ਦੇਸ਼ ਨਾਲ ਗਦਾਰੀ ਨਹੀਂ ਕਰ ਸਕਦਾ' ਬੁੱਢਾ ਕੜਕਿਆ।

ਹਰੀ ਸਿੰਘ ਨਲੂਆ ਹੈਰਾਨ ਰਹਿ ਗਿਆ।

'ਸਰਦਾਰਾ ! ਬੇਸ਼ਕ ਮਾਰ ਸੁਟ। ਬੇਸ਼ਕ ਟੁੱਕੜੇ ਟੁੱਕੜੇ ਕਰਕੇ ਖੱਡਾਂ ਵਿਚ ਸੁਟ ਦੇ ਪਰ ਹੁਣ ਤੂੰ ਮੇਰੇ ਕੋਲੋਂ ਭੇਦ ਨਹੀਂ ਲੈ ਸਕਦਾ' ਪਠਾਨ ਨੇ ਵੰਗਾਰ ਕੇ ਕਿਹਾ।

ਹਰੀ ਸਿੰਘ ਨਲੂਆ ਆਪਣੇ ਦਿਲ ਵਿਚ ਇਸ ਦੇਸ਼ ਪ੍ਰੇਮੀ ਦੀ ਪ੍ਰਸੰਸਾ ਕਰਨ ਲਗਾ 'ਦੇਸ਼ ਦੀ ਅਜ਼ਾਦੀ ਤਾਂ ਹੀ ਸੁਰਜੀਤ ਰਹਿ ਸਕਦੀ ਹੈ, ਜੇ ਇਹੋ ਜਿਹੇ ਦੇਸ਼ ਪ੍ਰੇਮੀ ਦੇਸ਼ ਦੀ ਖਾਤਰ ਆਪਣੇ ਬੱਚੇ ਕੁਰਬਾਨ ਕਰਾਉਣ ਦੀ ਹਿੰਮਤ ਰਖਦੇ ਹੋਣ'।

ਅਭਿਆਸ

1. **ਲਿਖੋ**—ਦੇਸ਼ ਦੀ ਅਜ਼ਾਦੀ ਤਾਂ ਹੀ ਸੁਰਜੀਤ ਰਹਿ ਸਕਦੀ ਹੈ, ਜੇ ਇਹੋ ਜਿਹੇ ਦੇਸ਼ ਪ੍ਰੇਮੀ ਦੇਸ਼ ਦੀ ਖਾਤਰ ਆਪਣੇ ਬੱਚੇ ਕੁਰਬਾਨ ਕਰਾਉਣ ਦੀ ਹਿੰਮਤ ਰਖਦੇ ਹੋਣ।
2. **ਦੱਸੋ**—1. ਹਰੀ ਸਿੰਘ ਨਲੂਆ ਕੌਣ ਸੀ ?
   2. ਹਰੀ ਸਿੰਘ ਨਲੂਆ ਆਪਣੇ ਯੋਧਿਆਂ ਨਾਲ ਪਹਾੜੀਆਂ ਵਿਚ ਕੀ ਲਭ ਰਿਹਾ ਸੀ ?
   3. ਨਲੂਏ ਨੂੰ ਕੌਣ ਮਿਲਿਆ ?
   4. ਬੁੱਢਾ ਪਠਾਨ ਪੋਤਰੇ ਤੋਂ ਕਿਉਂ ਡਰਦਾ ਸੀ ?
   5. ਨਲੂਏ ਦੇ ਆਦਮੀਆਂ ਨੇ ਪੋਤਰੇ ਨੂੰ ਕੀ ਕੀਤਾ ?
   6. ਨਲੂਆ ਆਪਣੇ ਦਿਲ ਵਿਚ ਇਸ ਪਠਾਨ ਦੀ ਕਿਵੇਂ ਪ੍ਰਸੰਸਾ ਕਰਨ ਲੱਗਾ ?
4. **ਦਿਤੇ ਸ਼ਬਦਾਂ ਵਿਚੋਂ ਠੀਕ ਸ਼ਬਦ ਚੁਣ ਕੇ ਖਾਲੀ ਥਾਂ ਭਰੋ** :—ਹੈਰਾਨ, ਸਾਹਮਣੇ, ਡਰ, ਕਿਸੇ, ਜਿੱਤ।
   1. ਪੋਤਰੇ ਦੇ.....ਆਪਣੇ ਦੇਸ਼ ਦਾ ਭੇਦ ਕਿਵੇਂ ਦਿਆਂ।
   2. ਮੈਨੂੰ ਆਪਣੇ ਪੋਤਰੇ ਤੋਂ.....ਆਉਂਦਾ ਏ।
   3. ਹੁਣ ਤਾਂ ਤੈਨੂੰ.....ਤੋਂ ਡਰ ਨਹੀਂ ਆ ਰਿਹਾ।
   4. ਹਰੀ ਸਿੰਘ ਨਲੂਆ.....ਰਹਿ ਗਿਆ।
   5. ਬੁਢਾ ਕਿਸੇ.....ਵਿਚ ਬੇਪਰਵਾਹੀ ਨਾਲ ਟਹਿਲਣ ਲਗ ਪਿਆ।
5. **ਦਿਤੇ ਉਦਾਹਰਣ ਵਾਂਗ ਹੋਰ ਸ਼ਬਦਾਂ ਅਗੇ ਨਵੇਂ ਸ਼ਬਦ ਲਿਖੋ** :—
   ਪਹਾੜ—ਪਹਾੜਾਂ ਸਰਕਾਰ—
   ਸਰਦਾਰ— ਤਲਵਾਰ—
6. **ਹੇਠਲੇ ਸ਼ਬਦ ਵਰਤ ਕੇ ਵਾਕ ਬਣਾਓ** :—
   ਬੀਰਤਾ, ਦਲੇਰੀ, ਪ੍ਰਸੰਸਾ, ਅਜ਼ਾਦੀ।
7. **ਕਰੋ**—ਬੁਢੇ ਤੇ ਨਲੂਏ ਦੀ ਗਲਬਾਤ ਨੂੰ ਨਾਟਕ ਵਾਂਗ ਪ੍ਰਗਟਾਓ।